ਸੂਚਨਾ ’ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

# ਕੋਵਿਡ 19 ਤਹਿਤ ਬੇ-ਘਰ ਲੋਕਾਂ ਸਮੇਤ ਪ੍ਰਵਾਸੀ ਲੇਬਰ ਦੀ ਸੁਵਿਧਾ ਲਈ ਸਰਕਾਰੀ ਹਾਈ ਸਕੂਲ ਗੁੰਮਜਾਲ ਦੀ ਬਿਲਡਿੰਗ ਨੂੰ ਸ਼ੈਲਟਰ ਘੋਸ਼ਿਤ ਕੀਤਾ

## *ਵੱਖ-ਵੱਖ ਵਿਭਾਗੀ ਅਧਿਕਾਰੀ ਸ਼ੈਲਟਰ ਦੇ ਪ੍ਰਬੰਧਾਂ ਲਈ ਹੋਣਗੇ ਜਿੰਮੇਵਾਰ

**ਫਾਜ਼ਿਲਕਾ,** B **ਅਪ੍ਰੈਲ**

ਜ਼ਿਲ੍ਹਾ ਮੈਜਿਸਟਰੇਟ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਕੌਮੀ ਆਪਦਾ ਪ੍ਰਬੰਧਨ ਐਕਟ-2005 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਰਕਾਰੀ ਹਾਈ ਸਕੂਲ ਗੁੰਮਜਾਲ ਬਿਲਡਿੰਗ ਨੂੰ ਬਤੌਰ ਕੋਵਿਡ 19 ਸ਼ੈਲਟਰ ਘੋਸ਼ਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਤਾਲਾ ਬੰਦੀ/ਕਰਫਿਊ ਕਾਰਨ ਬੇ-ਘਰ ਲੋਕ ਸਮੇਤ ਪ੍ਰਵਾਸੀ ਲੇਬਰ ਆਦਿ ਇਸ ਤੋਂ ਕਾਫੀ ਪ੍ਰਭਾਵਿਤ ਹੋਏ ਹਨ, ਨੂੰ ਉਨ੍ਹਾਂ ਦੇ ਰਹਿਣ, ਖਾਣ/ਪੀਣ ਅਤੇ ਮੈਡੀਕਲ ਸਹੂਲਤਾਂ ਆਦਿ ਲਈ ਸ਼ੈਲਟਰ ਮੁਹੱਈਆ ਕਰਵਾਇਆ ਜਾਣਾ ਹੈ।

ਉਨ੍ਹਾਂ ਹੁਕਮ ’ਚ ਕਿਹਾ ਹੈ ਕਿ ਲੋੜਵੰਦ ਵਿਅਕਤੀ ਸਭ ਤੋਂ ਪਹਿਲੇ ਆਪਣੇ ਨੇੜਲੇ ਪੁਲਿਸ ਥਾਣੇ ਵਿੱਚ ਸ਼ੈਲਟਰ ਲਈ ਸੂਚਨਾ ਦੇਵੇਗਾ ਅਤੇ ਸਬੰਧਤ ਥਾਣੇ ਦਾ ਮੁੱਖੀ ਇਸ ਲੋੜਵੰਦ ਵਿਅਕਤੀ ਨੂੰ ਬਿਲਡਿੰਗ ਵਿੱਚ ਪਹੁੰਚਾਉਣ ਲਈ ਜਿੰਮੇਵਾਰ ਹੋਵੇਗਾ। ਸਕੱਤਰ ਆਰ.ਟੀ.ਏ. ਫਿਰੋਜਪੁਰ ਇਸ ਮੰਤਵ ਲਈ ਸਬੰਧਤ ਐਸ.ਐਚ.ਓ ਨੂੰ ਸਮਰੱਥਾ ਅਨੁਸਾਰ ਵਹੀਕਲ ਮੁਹੱਈਆ ਕਰਵਾਏਗਾ ਜੋ ਕਿ ਸਮਾਜਿਕ ਦੂਰੀ ਨੂੰ ਮੁੱਖ ਰੱਖਦੇ ਇਨ੍ਹਾਂ ਲੋੜਵੰਦ ਵਿਅਕਤੀ ਨੂੰ (ਬਿਸਤਰਾ/ਕੰਬਲ/ਕੱਪੜੇ ਆਦਿ ਆਪਣੇ ਨਾਲ ਲਿਆ ਸਕਦਾ ਹੈ) ਲੈ ਕੇ ਸ਼ੈਲਟਰ ਵਿੱਚ ਛੱਡ ਕੇ ਆਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫ਼ਾਜ਼ਿਲਕਾ ਵਿੱਚ ਸਾਰੇ ਥਾਣਿਆਂ ਦੇ ਮੁਖੀ ਲੋੜਵੰਦ ਵਿਅਕਤੀਆਂ ਦੇ ਨਾਮ, ਪਤਾ, ਲਿੰਗ ਆਦਿ ਦੀ ਲਿਸਟ ਰੋਜ਼ਾਨਾ 5 ਵਜੇ ਤੱਕ ਡੀ.ਐਸ.ਪੀ. ਡੀ ਫ਼ਾਜ਼ਿਲਕਾ ਰਾਹੀਂ ਰਣਜੀਤ ਸਿੰਘ ਸੈਕਟਰੀ ਜ਼ਿਲ੍ਹਾ ਪਰਿਸ਼ਦ ਤੱਕ ਭੇਜਣਗੇ।

ਹੁਕਮ ’ਚ ਅੱਗੇ ਦੱਸਿਆ ਕਿ ਸੀਨੀਅਰ ਪੁਲਿਸ ਕਪਤਾਨ ਫ਼ਾਜ਼ਿਲਕਾ ਕੋਵਿਡ 19 ਸ਼ੈਲਟਰ ਵਿੱਚ ਲੋੜ ਅਨੁਸਾਰ ਸੁਰੱਖਿਆ ਪ੍ਰਬੰਧਾਂ ਨੂੰ ਦੇਖਦੇ ਹੋਏ ਪੁਲਿਸ ਫੋਰਸ ਤਾਇਨਾਤ ਕਰਨਗੇ। ਕਾਰਜਕਾਰੀ ਇੰਜੀਨੀਅਰ ਪੀ.ਐਸ.ਪੀ.ਸੀ.ਐਲ ਫ਼ਾਜ਼ਿਲਕਾ ਇਸ ਗੱਲ ਨੂੰ ਸੁਨਿਸ਼ਚਿਤ ਕਰਨਗੇ ਕਿ ਕੋਵਿਡ 19 ਵਿੱਚ ਨਿਰਵਿਘਨ ਬਿਜਲੀ ਦੀ ਸਪਲਾਈ ਜਾਰੀ ਕਰਨ ਦੇ ਨਾਲ-ਨਾਲ ਸ਼ੈਲਟਰ ਵਿੱਚ ਨੋਡਲ ਅਫ਼ਸਰ ਨਿਯੁਕਤ ਕਰਕੇ ਸੂਚਨਾ ਭੇਜਣੀ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾ ਹੈਡਮਾਸਟਰ ਸਰਕਾਰੀ ਹਾਈ ਸਕੂਲ ਗੁੰਮਜਾਲ ਕੋਵਿਡ 19 ਸ਼ੈਲਟਰ ਵਿੱਚ ਸਾਫ਼-ਸਫਾਈ/ਪੀਣ ਵਾਲੇ ਪਾਣੀ ਆਦਿ ਦਾ ਲੋੜ ਅਨੁਸਾਰ ਉਚਿਤ ਪ੍ਰਬੰਧ ਕਰਨਾ ਯਕੀਨੀ ਬਣਾਉਣਗੇ। ਸਿਵਲ ਸਰਜਨ ਫ਼ਾਜ਼ਿਲਕਾ ਕੋਵਿਡ 19 ਸ਼ੈਲਟਰ ਵਿੱਚ ਪ੍ਰਬੰਧ ਕਰਨ ਵਿੱਚ ਲੱਗੀ ਟੀਮ ਨੂੰ ਕੋਵਿਡ 19 ਤੋਂ ਬੱਚਣ ਲਈ ਵਿਭਾਗ ਵੱਲੋਂ ਜਾਰੀ ਸਮੇਂ-ਸਮੇਂ ਸਿਰ ਹਦਾਇਤਾਂ ਮੁਤਾਬਕ ਸਿਖਲਾਈ ਦੇਣ ਲਈ ਜਿੰਮੇਵਾਰ ਹੋਣਗੇ।

ਉਨ੍ਹਾਂ ਦੱਸਿਆ ਕਿ ਕੋਵਿਡ 19 ਤਹਿਤ ਸਥਾਪਿਤ ਕੀਤੇ ਸ਼ੈਲਟਰ ਦੇ ਓਵਰਆਲ ਇੰਚਾਰਜ ਸ. ਰਣਜੀਤ ਸਿੰਘ ਸੈਕਟਰੀ ਜ਼ਿਲ੍ਹਾ ਪਰਿਸ਼ਦ ਦੇ ਮੋਬਾਇਲ ਨੰਬਰ 82839-11577, ਪੁਲਿਸ ਸੁਪਰਵਾਈਜ਼ਰ ਦੇ ਤੌਰ ’ਤੇ ਸ. ਭੁਪਿੰਦਰ ਸਿੰਘ ਭੁੱਲਰ ਡੀ.ਐਸ.ਪੀ. ਡੀ. ਫ਼ਾਜ਼ਿਲਕਾ ਦੇ ਮੋਬਾਈਲ ਨੰਬਰ 98154-26800, ਸਿਵਲ ਪ੍ਰਸ਼ਾਸਨ ਵੱਲੋਂ ਸੁਪਰਵਾਈਜ਼ਰ ਦੇ ਤੌਰ ’ਤੇ ਸ. ਬਲਜਿੰਦਰ ਸਿੰਘ ਨਾਇਬ ਤਹਿਸੀਲਦਾਰ ਖੂਈਆਂ ਸਰਵਰ ਦੇ ਮੋਬਾਈਲ ਨੰਬਰ 94631-00333 ਅਤ ਸ੍ਰੀ ਦੇਵ ਚੋਹਾਨ ਹੈਡਮਾਸਟਰ ਸਰਕਾਰੀ ਹਾਈ ਸਕੂਲ ਗੁੰਮਜਾਲ ਦੇ ਫੋਨ ਨੰਬਰ।FDFF-41777 ’ਤੇ ਰਾਬਤਾ ਕੀਤਾ ਜਾ ਸਕਦਾ ਹੈ।

ਸੂਚਨਾ ’ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

# ਕੋਵਿਡ 19 ਤਹਿਤ ਸਾਰੇ ਕਰਮਚਾਰੀ/ਸੋਸ਼ਲ ਵੈਲਫੇਅਰ/ਐਨ.ਜੀ.ਓਜ਼/ਦੁਕਾਨਦਾਰਾਂ ਦੇ ਕਰਫਿਊ ਪਾਸ ਦੀ ਮਿਆਦ ’ਚ 14 ਅਪ੍ਰੈਲ 2020 ਤੱਕ ਵਾਧਾ

## * ਕਰਫਿਊ ਦੌਰਾਨ 31 ਮਾਰਚ ਤੱਕ ਪਹਿਲਾਂ ਤੋਂ ਜਾਰੀ ਕੀਤੇ ਪਾਸ ਨੂੰ ਹੀ ਰਹੇਗੀ ਮਾਨਤਾ

**ਫਾਜ਼ਿਲਕਾ,** B **ਅਪ੍ਰੈਲ**

ਜ਼ਿਲ੍ਹਾ ਮੈਜਿਸਟਰੇਟ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਇਕ ਹੁਕਮ ਰਾਹੀਂ ਦੱਸਿਆ ਕਿ ਸਰਕਾਰ ਵੱਲੋਂ ਆਮ ਜਨਤਾ ਨੂੰ ਮਹਾਂਵਾਰੀ ਤੋਂ ਬਚਾਉਣ ਲਈ ਸਾਵਧਾਨੀ ਵਰਤਦੇ ਹੋਏ ਰਾਜ ਵਿੱਚ ਤਾਲਾਬੰਦੀ ਦੇ ਨਾਲ-ਨਾਲ ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਵਿੱਚ ਜ਼ਿਲ੍ਹਾ ਫਾਜ਼ਿਲਕਾ ਵਿਚ ਤਾਲਾਬੰਦੀ ਅਤੇ ਕਰਫਿਊ ਮਿਤੀ 14 ਅਪ੍ਰੈਲ 2020 ਤੱਕ ਦਾ ਵਾਧਾ ਕੀਤਾ ਗਿਆ ਹੈ।

ਸ. ਸੰਧੂ ਨੇ ਦੱਸਿਆ ਕਿ ਜ਼ਿਲ੍ਹਾ ਫ਼ਾਜਿਲਕਾ ਵਿਚ ਕੋਵਿਡ 19 ਅਧੀਨ ਵੱਖ-ਵੱਖ ਸੇਵਾਵਾਂ ਵਿੱਚ ਲੱਗੇ ਸਾਰੇ ਕਰਮਚਾਰੀ/ਸੋਸ਼ਲ ਵੈਲਫੇਅਰ/ਐਨ.ਜੀ.ਓਜ਼/ਦੁਕਾਨਦਾਰ ਆਦਿ ਨੂੰ ਜੋ ਕਿ ਕਰਫਿਊ ਪਾਸ ਮਿਤੀ 31 ਮਾਰਚ 2020 ਤੱਕ ਜਾਰੀ ਕੀਤੇ ਗਏ ਸਨ, ਉਨ੍ਹਾਂ ਦੀ ਮਿਆਦ 14 ਅਪ੍ਰੈਲ 2020 ਤੱਕ ਮਾਨਤਾ (Valid) ਰਹੇਗੀ।

ਸੂਚਨਾ ’ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

# ਡਿਪਟੀ ਕਮਿਸ਼ਨਰ ਵੱਲੋਂ ਕਰਫਿਊ ਦੌਰਾਨ ਲੋਕਾਂ ਨੂੰ ਘਰ ਘਰ ਪਹੁੰਚਾਈ ਜਾ ਰਹੀ ਰਾਸ਼ਨ, ਦਵਾਈਆ ਅਤੇ ਹੋਰ ਸਮੱਗਰੀ ਦਾ ਲਿਆ ਜਾਇਜ਼ਾ

## *ਲੋੜਵੰਦਾਂ ਤੱਕ ਖਾਣਾ ਅਤੇ ਸੁੱਕਾ ਰਾਸ਼ਨ ਪਹੁੰਚਾਉਣ ਲਈ ਕੀਤੇ ਜਾਣ ਯੋਗ ਉਪਰਾਲੇ

### *ਚੋਣਵੇਂ ਅਧਿਕਾਰੀਆਂ ਨਾਲ ਕੋਵਿਡ 19 ਦੇ ਪ੍ਰਬੰਧਾਂ ਬਾਰੇ ਸਮੀਖਿਆ ਮੀਟਿੰਗ

ਫਾਜ਼ਿਲਕਾ, 2 ਅਪ੍ਰੈਲ:

ਕੋਵਿਡ 19 ਨੂੰ ਫੈਲਣ ਤੋਂ ਰੋਕਣ ਲਈ ਲੋਕ ਹਿੱਤਾਂ ’ਚ ਜ਼ਿਲੇ ਅੰਦਰ ਲਗਾਏ ਕਰਫਿਊ ਦੌਰਾਨ ਲੋਕਾਂ ਨੂੰ ਘਰ-ਘਰ ਪਹੁੰਚਾਏ ਜਾ ਰਹੇ ਰਾਸ਼ਨ, ਦਵਾਈਆ ਅਤੇ ਹੋਰ ਸਮੱਗਰੀ ਬਾਰੇ ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਅੱਜ ਚੋਣਵੇਂ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਸ .ਸੰਧੂ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਤੋਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਲਈ ਅਤੇ ਐਮਰਜੈਂਸੀ ਹਲਾਤਾਂ ਦੀ ਸਥਿਤੀ ਨਾਲ ਨਿਪਟਣ ਲਈ ਹਸਪਤਾਲਾਂ ਅੰਦਰ ਲੋੜੀਂਦੇ ਪ੍ਰਬੰਧਾਂ ਨੂੰ ਤਿਆਰ ਰੱਖਣ ਦੇ ਆਦੇਸ਼ ਜਾਰੀ ਕੀਤੇ।

ਉਨ੍ਹਾਂ ਸਮੂਹ ਐਸ.ਡੀ.ਐਮਜ਼ ਨੂੰ ਹਰੇਕ ਸਬ ਡਵੀਜ਼ਨ ਪੱਧਰ ’ਤੇ ਲੋੜਵੰਦਾਂ ਤੱਕ ਖਾਣਾ ਅਤੇ ਸੁੱਕਾ ਰਾਸ਼ਨ ਪਹੁੰਚਾਉਣ ਲਈ ਯੋਗ ਉਪਰਾਲੇ ਕਰਨ ਦੇ ਆਦੇਸ਼ ਜਾਰੀ ਕੀਤੇ, ਤਾਂ ਜੋ ਕੋਈ ਵੀ ਲੋੜਵੰਦ ਕਰਫਿਊ ਦੀ ਸਥਿਤੀ ਦੌਰਾਨ ਭੁੱਖ ਨਾ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਮਨਸ਼ਾ ਹੈ ਕਿ ਹਰੇਕ ਘਰ ਤੱਕ ਸੁਖਾਵੇਂ ਮਾਹੌਲ ’ਚ ਰੋਜ਼ਾਨਾ ਦੀਆਂ ਲੋੜੀਂਦੀਆਂ ਵਸਤੂਆਂ ਪੁੱਜਦੀਆਂ ਕੀਤੀਆ ਜਾਣ ਅਤੇ ਲੋਕਾਂ ਨੂੰ ਘਰਾਂ ਤੋਂ ਬਾਹਰ ਆਉਣ ਦੀ ਲੋੜ ਨਾ ਪਵੇ। ਉਨ੍ਹਾਂ ਕੋਵਿਡ 19 ਦੇ ਕਾਰਜ਼ਾਂ ਅੰਦਰ ਜੁਟੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਲੋਕ ਭਲਾਈ ਦੇ ਇਸ ਕਾਰਜ਼ ਅੰਦਰ ਪੂਰੀ ਇਮਾਨਦਾਰੀ ਨਾਲ ਡਿਊਟੀ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਐਮਰਜੈਂਸੀ ਹਲਾਤਾਂ ਦਰਾਨ ਏਕਤਾਵਾਂਸ ਅਤੇ ਕੋਆਰਨਟਾਈਨ ਲਈ ਜ਼ਿਲ੍ਹਾ ਪੱਧਰ ’ਤੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਸਕੂਲੀ ਬਿਲਡਿੰਗਾਂ ਨੂੰ ਵੀ ਰਾਖਵਾਂ ਰੱਖਿਆ ਗਿਆ ਹੈ। ਉਨ੍ਹਾਂ ਸਿਵਲ ਸਰਜਨ ਫਾਜ਼ਿਲਕਾ ਤੋਂ ਹਸਪਤਾਲਾਂ ਅੰਦਰ ਸਫ਼ਾਈ ਕਾਰਜ਼ਾਂ ਬਾਰੇ ਜਾਣਕਾਰੀ ਲਈ ਅਤੇ ਲੋੜ ਪੈਣ ’ਤੇ ਨਗਰ ਕੋਸ਼ਲ ਦੇ ਕਰਮਚਾਰੀਆਂ ਨੂੰ ਆਰਜ਼ੀ ਤੌਰ ਤੇ ਨਿਯੁਕਤ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਆਰ.ਪੀ. ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਵਲ ਰਾਮ, ਐਸ.ਡੀ.ਐਮ. ਫਾਜ਼ਿਲਕਾ ਸੁਭਾਸ਼ ਖੱਟਕ, ਐਸ.ਡੀ.ਐਮ. ਜਲਾਲਾਬਾਦ ਕੇਸ਼ਵ ਗੋਇਲ, ਸਹਾਇਕ ਕਮਿਸ਼ਨਰ ਸ਼ਿਕਾਇਤਾ ਪੂਨਮ ਸਿੰਘ, ਐਸ.ਪੀ. ਕੁਲਦੀਪ ਸ਼ਰਮਾ, ਜ਼ਿਲ੍ਹਾ ਭਲਾਈ ਅਫ਼ਸਰ ਬਰਿੰਦਰ ਸਿੰਘ ਅਤੇ ਹੋਰ ਚੋਣਵੇਂ ਵਿਭਾਗੀ ਅਧਿਕਾਰੀ ਹਾਜ਼ਰ ਸਨ।

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ

ਕੋਵਿਡ-A।

# ਸਫਾਈ ਕਾਮਿਆਂ ਵੱਲੋਂ ਘਰ-ਘਰ ਕੂੜਾ ਚੁੱਕਣ ਦੀ ਮੁਹਿਮ ਜਾਰੀ-ਕਾਰਜ ਸਾਧਕ ਅਫ਼ਸਰ

## *ਨਗਰ ਕੌਂਸਲ ਦੀਆਂ 5 ਟੀਮਾਂ ਸੋਡੀਅਮ ਹਾਈਪੋਕਲੋਰਾਈਟ ਦਾ ਛਿੜਕਾਅ ਕਰਨ ’ਚ ਜੁਟੀਆਂ

## *18 ਵਾਰਡਾਂ ’ਚ ਕਰਵਾਈ ਸਪਰੇਅ, ਰਹਿੰਦੀਆਂ ਵਾਰਡਾਂ ’ਚ ਤੇਜੀ ਨਾਲ ਸਪਰੇਅ ਕਰਨ ਦੇ ਆਦੇਸ਼

ਫ਼ਾਜ਼ਿਲਕਾ, 8 ਅਪ੍ਰੈਲ :

ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹੇ ਦੇ ਲਕਾਂ ਨੂੰ ਕੋਰੋਨਾ ਵਾਇਰਸ ਤਂ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਰਜ ਸਾਧਕ ਅਫਸ਼ਰ ਰਜਨੀਸ਼ ਕੁਮਾਰ ਨੇ ਦੱਸਿਆ ਕਿ ਨਗਰ ਕੌਂਸਲ ਫ਼ਾਜ਼ਿਲਕਾ ਦੇ ਸਫਾਈ ਕਾਮਿਆਂ ਵੱਲੋਂ ਸਫ਼ਾਈ ਮੁਹਿੰਮ ਦੌਰਾਨ ਘਰ-ਘਰ ਤੋਂ ਕੂੜਾ ਚੁੱਕਣ ਲਈ ਜੰਗੀ ਪੱਧਰ 'ਤੇ ਬਾਖੂਬੀ ਢੰਗ ਨਾਲ ਆਪਣੀ ਡਿਊਟੀ ਨਿਭਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਜਿੱਥੇ ਹਰੇਕ ਸਰਕਾਰੀ ਅਧਿਕਾਰੀ ਤੇ ਕਰਚਮਾਰੀ ਆਪਣੀ ਡਿਊਟੀ ਦੌਰਾਨ ਕਾਰਜਸ਼ੀਲ ਹੈ ਉਥੇ ਨਗਰ ਕੌਂਸਲ ਦੀਆਂ ਸਫਾਈ ਟੀਮਾਂ ਅਤੇ ਸ਼ਹਿਰ ਦੀਆਂ ਵਾਰਡਾਂ ਅਤੇ ਮੁੱਖ ਬਜਾਰਾਂ ਵਿੱਚ ਸੋਡੀਅਮ ਹਾਈਪੋਕਲੋਰਾਈਟ ਛਿੜਕਾਅ ਕਰਨ ਵਿੱਚ ਜੁਟੀਆਂ ਹੋਈਆਂ ਹਨ।

ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ 25 ਵਾਰਡਾਂ ਅੰਦਰ ਸਪਰੇਅ ਕਰਨ ਲਈ 5 ਟੀਮਾਂ ਨਿਯੁਕਤ ਕੀਤੀਆਂ ਗਈਆਂ ਹਨ, ਇਕ ਟੀਮ ਅੰਦਰ 3 ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੋਡੀਅਮ ਹਾਈਪੋਕਲੋਰਾਈਟ ਦਾ ਛਿੜਕਾਅ ਕਰਨ ਲਈ ਟੀਮਾਂ ਵੱਲੋਂ 18 ਵਾਰਡਾਂ ਨੂੰ ਕਵਰ ਕਰ ਲਿਆ ਗਿਆ ਹੈ ਅਤੇ ਰਹਿੰਦੀਆਂ ਵਾਰਡਾਂ ਵਿੱਚ ਤੇਜੀ ਨਾਲ ਸਪਰੇਅ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ਼ਹਿਰ ਦੇ ਮੁੱਖ ਬਜਾਰਾਂ, ਜਨਤਕ ਥਾਵਾਂ, ਹਸਪਤਾਲ, ਬੈਂਕ, ਦਫ਼ਤਰ, ਡਾਕ ਘਰਾਂ ਆਦਿ ਵਿੱਚ ਸਪਰੇਅ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਛਿੜਕਾਅ ਲਈ ਫਾਇਰ ਟੈਂਡਰ ਅਤੇ ਟਰੈਕਟਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੀ ਆਪਣੇ ਆਪ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ ਅਤੇ ਚੰਗੀ ਤਰ੍ਹਾਂ ਹੱਥਾਂ ਦੀ ਸਫਾਈ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਤਸਵੀਰਾਂ 1 ਤੋਂ 3

**ਕੋਵਿਡ 19 ਦੇ ਪ੍ਰਕੋਪ ਤੋਂ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਖ-ਵੱਖ ਵਾਰਡਾਂ 'ਚ ਸੋਡੀਅਮ ਹਾਈਪੋਕਲੋਰਾਈਟ ਦਾ ਛਿੜਕਾਅ ਕਰਦੇ ਹੋਏ ਨਗਰ ਕੌਂਸਲ ਦੇ ਕਰਮਚਾਰੀ**